File No. HED-EDU10SCLR/1/2024-3edu/I/935988/2024 Dated, Chandigarh 25.09.2024

ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

ਡਾਇਰੈਕਟਰ ਉਚੇਰੀ ਸਿੱਖਿਆ, ਪੰਜਾਬ।

ਪੰਜਾਬ ਰਾਜ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਿਸੇ ਕਾਰਨ ਜੇਕਰ ਲਾਭਪਾਤਰੀ ਐਸ.ਸੀ. ਵਿਦਿਆਰਥੀਆਂ ਦੇ ਵਿਦਿੱਅਕ ਯੋਗਤਾ ਸਰਟੀਫਿਕੇਟ ਸਬੰਧਤ ਸੰਸਥਾਵਾਂ/ਯੂਨੀਵਰਸਿਟੀਆਂ ਵੱਲੋਂ ਰੋਕੇ ਜਾਂਦੇ ਹਨ ਤਾਂ ਉਸ ਸਬੰਧੀ ਸਬੰਧਤ ਵਿਦਿੱਅਕ ਯੋਗਤਾ ਸਰਟੀਫਿਕੇਟ ਸਬੰਧਤ ਸੰਸਥਾਵਾਂ/ਯੂਨੀਵਰਸਿਟੀਆਂ ਪਾਸੋਂ ਰੀਲੀਜ਼ ਕਰਵਾਉਣ ਸਬੰਧੀ ਡਾਇਰੈਕਟਰ ਉਚੇਰੀ ਸਿੱਖਿਆ, ਪੰਜਾਬ ਦੀ ਪ੍ਰਧਾਨਗੀ ਹੇਠ, ਟੇਬਲ ਵਿੱਚ ਦਰਸਾਏ ਨੁਮਾਇੰਦਿਆਂ ਦੀ ਕਮੇਟੀ ਗਠਿਤ ਕੀਤੀ ਜਾਂਦੀ ਹੈ :-

| ਲੜੀ ਨੰ. | ਕਮੇਟੀ ਦੇ ਮੈਂਬਰ |
|---|---|
| 1. | ਡਿਪਟੀ ਡਾਇਰੈਕਟਰ ਵਜੀਫਾ, ਉੱਚੇਰੀ ਸਿੱਖਿਆ ਵਿਭਾਗ, ਪੰਜਾਬ |
| 2. | ਡਿਪਟੀ ਡਾਇਰੈਕਟਰ ਕਾਲਜ ਗ੍ਰਾਂਟ-1, ਉੱਚੇਰੀ ਸਿੱਖਿਆ ਵਿਭਾਗ, ਪੰਜਾਬ |
| 3. | ਪ੍ਰਿੰਸੀਪਲ, ਸਰਕਾਰੀ ਕਾਲਜ, ਡੇਰਾਬੱਸੀ, ਐਸ.ਏ.ਐਸ ਨਗਰ |
| 4. | ਪ੍ਰਿੰਸੀਪਲ, ਗੁਰੂ ਕਾ ਖੂਹ ਮੁੰਨੇ , ਰੂਪਨਗਰ |
| 5. | ਸੁਪਰਡੰਟ, ਵਜੀਫਾ, ਦਫਤਰ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ |

ਉਕਤ ਕਮੇਟੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਲਾਭਪਾਤਰੀਆਂ (ਜਿਨ੍ਹਾਂ ਦੇ ਵਿਦਿੱਅਕ ਯੋਗਤਾ ਸਰਟੀਫਕੇਟ ਵਿਦਿੱਅਕ ਅਦਾਰਿਆਂ ਵੱਲੋਂ Withheld ਕੀਤੇ ਹੋਏ ਹਨ) ਲਈ ਹੇਠ ਦਰਸਾਈਆਂ ਸ਼ਰਤਾ ਲਾਗੂ ਰਹਿਣਗੀਆਂ:-

1. ਲਾਭਪਾਤਰੀ ਵਿਦਿਆਰਥੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਯੋਗਤਾ ਸਬੰਧੀ ਲੋੜੀਂਦੇ ਦਸਤਾਵੇਜ ਅਤੇ ਸਬੰਧਤ ਯੂਨੀਵਰਸਿਟੀ/ ਵਿਦਿੱਅਕ ਸੰਸਥਾ ਨਾਲ ਕੀਤੇ ਤਾਲਮੇਲ ਸਬੰਧੀ ਦਸਤਾਵੇਜ ਮੁਹੱਈਆ ਕਰਵਾਉਂਦੇ ਹੋਏ, ਆਪਣੀ ਪ੍ਰਤੀਬੇਨਤੀ ਸਮੇਤ ਡਾਇਰੈਕਟਰ ਉਚੇਰੀ ਸਿੱਖਿਆ ਰਾਹੀਂ ਕਮੇਟੀ ਨੂੰ ਪਹੁੰਚ ਕਰੇਗਾ ।
2. ਲਾਭਪਾਤਰੀ ਵਿਦਿਆਰਥੀ ਕਿਸੇ ਹੋਰ ਕਾਨੂੰਨੀ ਜਾਂ ਹੋਰ ਹਾਈਰ ਅਥਾਰਟੀ ਨਾਲ ਸੰਪਰਕ ਕਰਨ ਤੋਂ ਪਹਿਲਾਂ ਸਬੰਧਤ ਯੂਨੀਵਰਸਿਟੀ/ ਕਾਲਜਾਂ ਵੱਲੋਂ ਵਿਦਿੱਅਕ ਯੋਗਤਾ ਦਸਤਾਵੇਜ ਰੋਕਣ ਸਬੰਧੀ ਕਮੇਟੀ ਨੂੰ ਪਹੁੰਚ ਕਰੇਗਾ ।
3. ਬਾਹਰੀ ਤੌਰ ਤੇ ਇਸ ਮੁੱਦੇ ਨੂੰ ਉਠਾਉਣ ਤੋਂ ਪਹਿਲਾਂ ਲਾਭਪਾਤਰੀ ਵਿਦਿਆਰਥੀ ਕਮੇਟੀ ਦੇ ਫੈਸਲੇ ਦੀ ਉਡੀਕ ਕਰੇਗਾ ।
4. ਉਕਤ ਕਮੇਟੀ, ਪੰਜਾਬ ਰਾਜ ਦੀਆਂ ਯੂਨੀਵਰਸਿਟੀਆਂ ਨੂੰ PMSS ਅਧੀਨ ਅਦਾਇਗੀ ਸਬੰਧੀ ਸਮੱਸਿਆਵਾਂ ਕਾਰਨ ਲਾਭਪਾਤਰੀ ਵਿਦਿਆਰਥੀਆਂ ਦੇ ਡਿਗਰੀ/ ਵਿਦਿੱਅਕ ਯੋਗਤਾ ਦਸਤਾਵੇਜ਼ਾਂ ਨੂੰ ਰੋਕਣ ਨਾਲ ਜੁੜੀਆ ਸ਼ਿਕਾਇਤਾਂ ਨੂੰ ਨਿਪਟਾਏਗੀ।
5. ਕਮੇਟੀ ਸ਼ਿਕਾਇਤ ਪ੍ਰਾਪਤ ਹੋਣ ਤੋਂ ਬਾਅਦ 30 ਦਿਨਾਂ ਦੇ ਅੰਦਰ ਮਾਮਲੇ ਦਾ ਨਿਪਟਾਰਾ ਕਰੇਗੀ ਅਤੇ ਇਸ ਤੋਂ ਇਲਾਵਾ ਸੁਪਰਡੰਟ, ਵਜੀਫਾ, ਦਫਤਰ ਡੀ.ਐਚ.ਈ. ਪ੍ਰਾਪਤ PMSS ਲਾਭਪਾਤਰੀ ਵਿਦਿਆਰਥੀਆਂ ਦੀ ਸ਼ਿਕਾਇਤਾਂ ਅਤੇ ਨਿਪਟਾਈ ਗਈਆਂ ਸ਼ਿਕਾਇਤਾ ਦਾ ਰਿਕਾਰਡ ਰੱਖਣਗੇ ।
6. ਜੇ ਕਮੇਟੀ ਦੇ ਨਿਰਣੇ ਨਾਲ ਲਾਭਪਾਤਰੀ ਵਿਦਿਆਰਥੀ ਸੰਤੁਸ਼ਟ ਨਹੀਂ ਹੁੰਦੇ, ਤਾਂ ਲਾਭਪਾਤਰੀ ਉਚ ਪੱਧਰ ਤੇ ਅਪੀਲ ਕਰ ਸਕਦੇ ਹਨ।

ਪੀ.ਏ/ਡ. ਉ. ਸਿ. ਵਿ. ਪੰਜਾਬ।
ਡਾਇਰੀ ਨੰ: 357293/
ਮਿਤੀ: 30-9-24

ਮਿਤੀ,ਚੰਡੀਗੜ੍ਹ:
25.09.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ

ਪਿੱ.ਅੰ.ਨੰ. HED-EDU10SCLR/1/2024-3edu/I/935988/2024(1-4) ਮਿਤੀ,ਚੰਡੀਗੜ੍ਹ:25.09.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਅਗਲੇਰੀ ਯੋਗ ਲੋੜੀਂਦੀ ਕਾਰਵਾਈ ਹਿੱਤ ਕੀਤਾ ਜਾਂਦਾ ਹੈ :

1. ਡਾਇਰੈਕਟਰ, ਉਚੇਰੀ ਸਿੱਖਿਆ ਵਿਭਾਗ, ਐਸ.ਏ.ਐਸ. ਪੰਜਾਬ.



File No. DPIHE-SCH10MISc/61/2024-SCHOLARSHIP-1-DPI-HIGHER EDUCATION (Computer No. 760109)
Scanned with OKEN Scanner
Generated from eOffice by DALJIT SINGH, SA(DS)-SCHOLARSHIP-1-DPI-HIGHER EDUCATION, SR ASST-SCH-1-DPI-HIGER EDUCATION, DEPT-DIRECTORATE OF HIGHER EDUCATION on 01/10/2024 09:39 am

2. ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ, ਮਾਰਫਤ ਦਫਤਰ ਡੀ.ਐਚ.ਈ.,
3. ਡਿਪਟੀ ਡਾਇਰੈਕਟਰ, ਵਜੀਫਾ, ਦਫਤਰ ਡੀ.ਐਚ.ਈ. ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਵਾਈ ਜਾਵੇ (PMSS ਅਧੀਨ ਸਮੂਹ ਲਾਭਪਾਤਰੀ ਵਿਦਿਆਰਥੀਆਂ ਲਈ)।
4. ਵਾਈਸ ਚਾਂਸਲਰ, ਪੰਜਾਬ ਰਾਜ ਦੀਆਂ ਸਮੂਹ ਸਰਕਾਰੀ/ ਪ੍ਰਾਈਵੇਟ ਯੂਨੀਵਰਸਿਟੀਆਂ, ਪ੍ਰਿੰਸੀਪਲ, ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜ, ਪ੍ਰਾਈਵੇਟ ਕਾਲਜ, ਏਡਿਡ ਕਾਲਜ ਨੂੰ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਿਸੇ ਵੀ ਯੋਗ ਐਸ.ਸੀ. ਵਿਦਿਆਰਥੀ ਦੇ ਡਿਗਰੀ/ਸਰਟੀਫਿਕੇਟ ਨਾ ਰੋਕੇ ਜਾਣ (ਮਾਰਫਤ ਦਫਤਰ ਡੀ.ਐਚ.ਈ )।

ਸੁਖਵਿੰਦਰ ਕੌਰ

ਅਧੀਨ ਸਕੱਤਰ, ਉਚੇਰੀ ਸਿੱਖਿਆ

**ਪਿੱ.ਅੰ.ਨੰ. HED-EDU10SCLR/1/2024-3edu/I/935988/2024(5)** **ਮਿਤੀ,ਚੰਡੀਗੜ੍ਹ:25.09.2024**

ਉਪਰੋਕਤ ਦਾ ਉਤਾਰਾ ਅਧੀਨ ਸਕੱਤਰ, ਭਲਾਈ ਕਮੇਟੀ ਸ਼ਾਖਾ, ਪੰਜਾਬ ਵਿਧਾਨ ਸਭਾ ਸਕੱਤੇਰਤ ਨੂੰ ਉਨ੍ਹਾਂ ਦੇ ਪੱਤਰ ਨੰ. 2-ਭ.ਕ.ਸ./2024-25/11900 ਮਿਤੀ 06.09.2024 ਦੇ ਸਬੰਧ ਵਿੱਚ ਸੂਚਨਾ ਹਿੱਤ ਕੀਤਾ ਜਾਂਦਾ ਹੈ ਜੀ।

ਸੁਖਵਿੰਦਰ ਕੌਰ

ਅਧੀਨ ਸਕੱਤਰ, ਉਚੇਰੀ ਸਿੱਖਿਆ



File No. DPIHE-SCH10MISc/61/2024-SCHOLARSHIP-1-DPI-HIGHER EDUCATION (Computer No. 760109)
Scanned with OKEN Scanner
Generated from eOffice by DALJIT SINGH, SA(DS)-SCHOLARSHIP-1-DPI-HIGHER EDUCATION, SR ASST-SCH-1-DPI-HIGER EDUCATION, DEPT-DIRECTORATE OF HIGHER EDUCATION on 01/10/2024 09:39 am